# ਪ੍ਰਧਾਨ ਮੰਤਰੀ ਨੇ ਆਈ.ਆਈ.ਟੀ. ਦਿੱਲੀ ਦੇ ਅਬੂ ਧਾਬੀ ਕੈਂਪਸ ਦੇ ਵਿਦਿਆਰਥੀਆਂ ਦੇ ਪਹਿਲੇ ਬੈਚ ਨਾਲ ਗੱਲਬਾਤ ਕੀਤੀ

ਫਰਵਰੀ 13, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਆਈ.ਆਈ.ਟੀ. ਦਿੱਲੀ ਦੇ ਅਬੂ ਧਾਬੀ ਕੈਂਪਸ ਦੇ ਵਿਦਿਆਰਥੀਆਂ ਦੇ ਪਹਿਲੇ ਬੈਚ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਨਾ ਸਿਰਫ਼ ਭਾਰਤ ਅਤੇ ਯੂ.ਏ.ਈ. ਦਰਮਿਆਨ ਦੁਵੱਲੇ ਸਹਿਯੋਗ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਕਰਦਾ ਹੈ, ਨਾਲ ਹੀ ਦੋਵਾਂ ਦੇਸ਼ਾਂ ਦੇ ਨੌਜਵਾਨਾਂ ਨੂੰ ਵੀ ਇੱਕਠੇ ਕਰਦਾ ਹੈ।

ਯੂ.ਏ.ਈ. ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਦਿੱਲੀ ਦੇ ਇੱਕ ਕੈਂਪਸ ਦੇ ਉਦਘਾਟਨ ਦੀ ਕਲਪਨਾ ਫਰਵਰੀ 2022 ਵਿੱਚ ਦੋਵੇਂ ਦੇਸ਼ਾਂ ਦੀ ਅਗਵਾਈ ਦੁਆਰਾ ਕੀਤੀ ਗਈ ਸੀ। ਇਹ ਪ੍ਰੋਜੈਕਟ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਦਿੱਲੀ (ਆਈ.ਆਈ.ਟੀ. -ਡੀ) ਅਤੇ ਅਬੂ ਧਾਬੀ ਡਿਪਾਰਟਮੈਂਟ ਆਫ ਐਜੂਕੇਸ਼ਨ ਐਂਡ ਨੌਲੇਜ (ਏ.ਡੀ.ਈ.ਕੇ.) ਦਾ ਇੱਕ ਸੰਯੁਕਤ ਸਹਿਯੋਗ ਹੈ ਜਿਸਦਾ ਉਦੇਸ਼ ਵਿਸ਼ਵ ਪੱਧਰ 'ਤੇ ਵਿਦਿਆਰਥੀਆਂ ਨੂੰ ਉੱਤਮ ਉੱਚ ਸਿੱਖਿਆ ਦੇ ਅਵਸਰ ਉਪਲਬੱਧ ਕਰਾਉਣਾ ਹੈ। ਇਹ ਅਗਲੀ ਪੀੜ੍ਹੀ ਦੀ ਟੈਚਨੋਲੋਜੀ, ਖੋਜ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਦੋਵੇਂ ਦੇਸ਼ਾਂ ਦੇ ਵਿਚਕਾਰ ਸਾਂਝੇਦਾਰੀ ਦਾ ਵੀ ਪੋਸ਼ਣ ਕਰੇਗਾ। ਪਹਿਲਾ ਅਕਾਦਮਿਕ ਪ੍ਰੋਗਰਾਮ - ਜਿਹੜਾ ਇਸ ਜਨਵਰੀ ਵਿੱਚ ਸ਼ੁਰੂ ਹੋਇਆ ਹੈ, ਊਰਜਾ ਪਰਿਵਰਤਨ ਅਤੇ ਸਥਿਰਤਾ ਵਿੱਚ ਮਾਸਟਰ ਹੈ।

**ਅਬੂ ਧਾਬੀ**
**ਫਰਵਰੀ 13, 2024**